# ਅਕਿਊਟ ਕੇਅਰ ਵਿਚ ਮਲਟੀ-ਡਰੱਗ ਰਜਿਸ਼ਟੈਂਸ ਔਰਗਾਨਿਜ਼ਮਜ਼ (ਐੱਮ ਡੀ ਆਰ ਓਜ਼)
# Multi-Drug Resistance Organisms (MDROs) in Acute Care

## ਐੱਮ ਡੀ ਆਰ ਓਜ਼ ਕੀ ਹਨ?

ਮਲਟੀ-ਡਰੱਗ ਰਜਿਸ਼ਟੈਂਸ ਔਰਗਾਨਿਜ਼ਮਜ਼ (ਐੱਮ ਡੀ ਆਰ ਓਜ਼) ਜਰਾਸੀਮ ਹਨ ਜਿਹੜੇ ਕਿ ਤੁਹਾਡੇ ਢਿੱਡ (ਪਾਚਕ ਸਿਸਟਮ) ਵਿਚ ਰਹਿ ਸਕਦੇ ਹਨ। ਤੁਸੀਂ ਸ਼ਬਦ ਕਾਰਬਾਪੈਨਮ-ਰਜਿਸਟੈਂਟ ਇੰਟਰੋਬੈਕਟੀਰੀਆਏਸੀ (ਸੀ ਆਰ ਈ) ਜਾਂ ਕਾਰਬਾਪੈਨੀਮੇਸ ਪ੍ਰੋਡਿਊਸਿੰਗ ਇੰਟਰੋਬੈਕਟੀਰੀਆਏਸੀ ਸੁਣੇ ਹੋ ਸਕਦੇ ਹਨ। ਇਹ ਐੱਮ ਡੀ ਆਰ ਓਜ਼ ਦੀਆਂ ਕਿਸਮਾਂ ਹਨ। ਇਹ ਜਰਾਸੀਮ (ਜਰਮ) ਸਿਹਤਮੰਦ ਲੋਕਾਂ ਵਿਚ ਇਨਫੈਕਸ਼ਨ ਦਾ ਕਾਰਨ ਨਹੀਂ ਬਣਦੇ, ਪਰ ਜੇ ਇਹ ਸਰੀਰ ਦੇ ਹੋਰ ਹਿੱਸਿਆਂ ਤੱਕ ਫੈਲ ਜਾਣ ਤਾਂ ਇਨਫੈਕਸ਼ਨ ਪੈਦਾ ਕਰ ਸਕਦੇ ਹਨ ਜਿਵੇਂ ਕਿ ਖ਼ੂਨ, ਫੇਫੜੇ ਜਾਂ ਬਲੈਡਰ।

ਜਿਹੜੇ ਲੋਕਾਂ ਨੂੰ ਇਨਫੈਕਸ਼ਨ ਹੁੰਦੀ ਹੈ ਉਹ ਆਮ ਤੌਰ 'ਤੇ ਪਹਿਲਾਂ ਹੀ ਹੋਰ ਕਾਰਨਾਂ ਕਰਕੇ ਬਹੁਤ ਬੀਮਾਰ ਹੁੰਦੇ ਹਨ। ਇਨ੍ਹਾਂ ਜਰਾਸੀਮਾਂ ਕਰਕੇ ਹੋਈਆਂ ਇਨਫੈਕਸ਼ਨਾਂ ਦਾ ਇਲਾਜ ਕਰਨਾ ਔਖਾ ਹੁੰਦਾ ਹੈ ਕਿਉਂਕਿ ਡਾਕਟਰਾਂ ਵਲੋਂ ਆਮ ਤੌਰ 'ਤੇ ਦਿੱਤੇ ਜਾਂਦੇ ਐਂਟੀਬੋਆਟਿਕਸ ਕੰਮ ਨਹੀਂ ਕਰਦੇ। ਇਸ ਕਰਕੇ, ਹੋਰ ਲੋਕਾਂ ਤੱਕ ਐੱਮ ਡੀ ਆਰ ਓਜ਼ ਦੇ ਫੈਲਣ ਨੂੰ ਘਟਾਉਣਾ ਮਹੱਤਵਪੂਰਨ ਹੈ।

## ਮੈਨੂੰ ਟੈੱਸਟ ਕਿਉਂ ਕੀਤਾ ਜਾ ਰਿਹਾ ਹੈ?

ਇਹ ਜਰਾਸੀਮ ਕਿਉਂਕਿ ਕੁਝ ਲੋਕਾਂ ਵਿਚ ਗੰਭੀਰ ਇਨਫੈਕਸ਼ਨਾਂ ਪੈਦਾ ਕਰ ਸਕਦੇ ਹਨ, ਅਸੀਂ ਇਹ ਚੈੱਕ ਕਰ ਸਕਦੇ ਹਾਂ ਕਿ ਕੀ ਤੁਹਾਡੇ ਵਿਚ ਜਰਾਸੀਮ ਹਨ ਭਾਵੇਂ ਕਿ ਤੁਸੀਂ ਇਨਫੈਕਸ਼ਨ ਦੀਆਂ ਕੋਈ ਨਿਸ਼ਾਨੀਆਂ ਨਾ ਵੀ ਦਿਖਾਉਂਦੇ ਹੋਵੋ।

ਅਸੀਂ ਸਦਾ ਉਨ੍ਹਾਂ ਮਰੀਜ਼ਾਂ ਨੂੰ ਚੈੱਕ ਕਰਦੇ ਹਾਂ:

- ਜਿਨ੍ਹਾਂ ਨੇ ਪਿਛਲੇ 12 ਮਹੀਨਿਆਂ ਵਿਚ ਕੈਨੇਡਾ ਤੋਂ ਬਾਹਰ ਕਿਸੇ ਵੀ ਕਿਸਮ ਦਾ ਇਲਾਜ ਕਰਵਾਇਆ ਹੁੰਦਾ ਹੈ
- ਜਿਹੜੇ ਪਿਛਲੇ 12 ਮਹੀਨਿਆਂ ਵਿਚ ਇੰਡੀਆ, ਪਾਕਿਸਤਾਨ ਜਾਂ ਬੰਗਲਾਦੇਸ਼ ਗਏ ਹੁੰਦੇ ਹਨ (ਇਨ੍ਹਾਂ ਦੇਸ਼ਾਂ ਵਿਚ ਸਫਰ ਕਰਨ ਵਾਲੇ ਲੋਕਾਂ ਦੇ ਢਿੱਡ ਵਿਚ ਇਹ ਜਰਾਸੀਮ ਹੋਣ ਦੀ ਜ਼ਿਆਦਾ ਸੰਭਾਵਨਾ ਹੁੰਦੀ ਹੈ)
- ਜਿਹੜੇ ਸੰਭਵ ਤੌਰ 'ਤੇ ਉਨ੍ਹਾਂ ਹੋਰ ਮਰੀਜ਼ਾਂ ਦੇ ਨੇੜੇ ਰਹੇ ਹੁੰਦੇ ਹਨ ਜਿਨ੍ਹਾਂ ਵਿਚ ਇਹ ਜਰਾਸੀਮ ਮਿਲਦੇ ਹਨ

ਪਰਿਵਾਰ ਦੇ ਮੈਂਬਰਾਂ ਅਤੇ ਦੇਖਣ ਆਉਣ ਵਾਲਿਆਂ ਨੂੰ ਟੈੱਸਟ ਕੀਤੇ ਜਾਣ ਦੀ ਲੋੜ ਨਹੀਂ ਹੈ ਭਾਵੇਂ ਕਿ ਉਹ ਕੈਨੇਡਾ ਤੋਂ ਬਾਹਰ ਗਏ ਹੋਣ ਜਾਂ ਉਨ੍ਹਾਂ ਨੇ ਬਾਹਰ ਇਲਾਜ ਕਰਵਾਇਆ ਹੋਵੇ ਕਿਉਂਕਿ ਐੱਮ ਡੀ ਆਰ ਓ ਬਹੁਤ ਘੱਟ ਹਸਪਤਾਲਾਂ ਤੋਂ ਬਾਹਰ ਸਮੱਸਿਆਵਾਂ ਜਾਂ ਇਨਫੈਕਸ਼ਨਾਂ ਪੈਦਾ ਕਰਦਾ ਹੈ।

## ਟੈੱਸਟ ਕਿਵੇਂ ਕੀਤਾ ਜਾਂਦਾ ਹੈ?

ਟੈੱਸਟ ਕਰਨ ਲਈ ਆਮ ਤੌਰ 'ਤੇ ਗੁਦਾ ਵਿੱਚੋਂ ਨਮੂਨਾ ਲਿਆ ਜਾਂਦਾ ਹੈ। ਰੂੰ ਦਾ ਇਕ ਛੋਟਾ ਤੂੰਬਾ ਗੁਦਾ (ਰੈਕਟਮ) ਵਿਚ ਪਾਇਆ ਜਾਂਦਾ ਹੈ, ਹੌਲੀ ਹੌਲੀ ਘੁਮਾਇਆ ਜਾਂਦਾ ਹੈ ਅਤੇ ਕੱਢ ਲਿਆ ਜਾਂਦਾ ਹੈ। ਨਮੂਨਾ ਟੈੱਸਟ ਕਰਨ ਲਈ ਲੈਬਾਰਟਰੀ ਨੂੰ ਭੇਜਿਆ ਜਾਂਦਾ ਹੈ। ਟੈੱਸਟ ਦੇ ਨਤੀਜੇ ਵਾਪਸ ਆਉਣ ਨੂੰ ਕੁਝ ਦਿਨ ਲੱਗ ਸਕਦੇ ਹਨ।

## ਕੀ ਐੱਮ ਡੀ ਆਰ ਓਜ਼ ਦਾ ਇਲਾਜ ਕੀਤਾ ਜਾ ਸਕਦਾ ਹੈ?

ਐੱਮ ਡੀ ਆਰ ਓਜ਼ ਅਜਿਹੇ ਜਰਾਸੀਮ ਹਨ ਜਿਹੜੇ ਤੁਹਾਡੇ ਢਿੱਡ ਵਿਚ ਜਾਂ ਤੁਹਾਡੇ ਸਰੀਰ ਦੇ ਹੋਰ ਹਿੱਸਿਆਂ ਵਿਚ ਰਹਿ ਸਕਦੇ ਹਨ। ਜੇ ਤੁਹਾਨੂੰ ਐੱਮ ਡੀ ਆਰ ਓਜ਼ ਕਾਰਨ ਇਨਫੈਕਸ਼ਨ ਹੋ ਜਾਵੇ ਤਾਂ ਤੁਹਾਡਾ ਡਾਕਟਰ ਅਜਿਹੇ ਐਂਟੀਬੋਆਟਿਕਸ ਦੀ ਚੋਣ ਕਰਦਾ ਹੈ ਜਿਹੜੇ ਇਨ੍ਹਾਂ ਜਰਾਸੀਮਾਂ ਲਈ ਕੰਮ ਕਰਨਗੇ।

## ਹਸਪਤਾਲ ਵਿਚ ਐੱਮ ਡੀ ਆਰ ਓਜ਼ ਨੂੰ ਫੈਲਣ ਤੋਂ ਕਿਵੇਂ ਰੋਕਣਾ ਹੈ

ਜੇ ਤੁਹਾਡੇ ਟੈੱਸਟ ਇਹ ਦਿਖਾਉਣ ਕਿ ਤੁਹਾਡੇ ਢਿੱਡ ਵਿਚ ਐੱਮ ਡੀ ਆਰ ਓਜ਼ ਹਨ ਤਾਂ ਇਸ ਦਾ ਮਤਲਬ ਹੈ ਕਿ ਤੁਸੀਂ ਐੱਮ ਡੀ ਆਰ ਓਜ਼ 'ਲਈ ਫਿਰਨ' ਵਾਲੇ ਹੋ।

ਤੁਹਾਡੇ ਹਸਪਤਾਲ ਵਿਚ ਹੋਣ ਵੇਲੇ ਇਨ੍ਹਾਂ ਜਰਾਸੀਮਾਂ ਨੂੰ ਹੋਰਨਾਂ ਤੱਕ ਫੈਲਣ ਤੋਂ ਰੋਕਣ ਲਈ:

- ਜਿੰਨਾ ਵੀ ਸੰਭਵ ਹੋਵੇ ਹਸਪਤਾਲ ਦੇ ਆਪਣੇ ਕਮਰੇ ਵਿਚ ਰਹੋ।
- ਆਪਣੇ ਹੱਥ ਅਕਸਰ ਅਲਕਹੋਲ ਵਾਲੇ ਹੈਂਡ ਰੱਬ ਜਾਂ ਸਾਬਣ ਅਤੇ ਪਾਣੀ ਨਾਲ ਸਾਫ਼ ਕਰੋ, ਖਾਸ ਕਰਕੇ ਟੋਆਇਲਿਟ ਵਰਤਣ ਤੋਂ ਪਹਿਲਾਂ ਅਤੇ ਬਾਅਦ ਵਿਚ, ਖਾਣ ਜਾਂ ਪੀਣ ਤੋਂ ਪਹਿਲਾਂ ਅਤੇ ਬਾਅਦ ਵਿਚ ਅਤੇ ਆਪਣੇ ਕਮਰੇ ਵਿੱਚੋਂ ਜਾਣ ਤੋਂ ਪਹਿਲਾਂ।



- ਸਾਂਝੀਆਂ ਥਾਂਵਾਂ **ਨਾ** ਵਰਤੋ, ਜਿਵੇਂ ਕਿ ਮਰੀਜ਼ਾਂ ਲਈ ਰਸੋਈ, ਗਿਫਟ ਸ਼ਾਪ ਜਾਂ ਕੈਫੇਟੀਰੀਆ। ਤੁਸੀਂ ਆਪਣੇ ਲੋੜੀਂਦੇ ਇਲਾਜਾਂ ਅਤੇ ਟੈੱਸਟਾਂ ਲਈ ਹੋਰ ਥਾਂਵਾਂ 'ਤੇ ਜਾ ਸਕਦੇ ਹੋ।
- ਜੇ ਤੁਹਾਨੂੰ ਤੁਰਨਾ ਪੈਣਾ ਹੈ ਤਾਂ ਆਪਣੇ ਇਲਾਜ ਕਰਨ ਵਾਲੇ ਤੋਂ ਪੁੱਛੋ ਕਿ ਤੁਸੀਂ ਕਦੋਂ ਅਤੇ ਕਿੱਥੇ ਤੁਰ ਸਕਦੇ ਹੋ ਅਤੇ ਕੀ ਤੁਹਾਨੂੰ ਕਿਸੇ ਖਾਸ ਸਾਜ਼-ਸਾਮਾਨ ਦੀ ਲੋੜ ਹੈ।

# ਐੱਮ ਡੀ ਆਰ ਓਜ਼ ਫੈਲਣ ਤੋਂ ਰੋਕਥਾਮ ਕਿਵੇਂ ਕਰਨੀ ਹੈ

## ਹਸਪਤਾਲ ਵਿਚ – *ਜਾਰੀ*

### ਵੱਖਰਤਾ

ਟੈੱਸਟ ਦੇ ਨਤੀਜਿਆਂ ਲਈ ਉਡੀਕ ਕਰਨ ਸਮੇਂ, ਜਾਂ ਜੇ ਤੁਹਾਡੇ ਵਿਚ ਐੱਮ ਡੀ ਆਰ ਓ ਹੋਵੇ ਤਾਂ ਹਸਪਤਾਲ ਵਿਚ ਹੋਰ ਮਰੀਜ਼ਾਂ ਤੱਕ ਐੱਮ ਡੀ ਆਰ ਓਜ਼ ਫੈਲਣ ਤੋਂ ਰੋਕਣ ਲਈ ਤੁਹਾਨੂੰ 'ਵੱਖਰੇ' ਰੱਖਿਆ ਜਾਵੇਗਾ।

**ਵੱਖਰੇ** ਦਾ ਮਤਲਬ ਹੈ:

- ਅਸੀਂ ਤੁਹਾਡੇ ਕਮਰੇ ਦੇ ਦਰਵਾਜ਼ੇ ਉੱਪਰ ਵੱਖਰੇ ਹੋਣ ਦਾ (ਆਈਸੋਲੇਸ਼ਨ) ਸਾਈਨ ਲਾਉਂਦੇ ਹਾਂ।
- ਤੁਹਾਡੀ ਸੰਭਾਲ ਕਰਨ ਵੇਲੇ ਅਸੀਂ ਗਲੱਵ ਅਤੇ ਆਪਣੇ ਕੱਪੜਿਆਂ ਉੱਪਰ ਗਾਊਨ ਪਾਉਂਦੇ ਹਾਂ।



- ਅਸੀਂ ਤੁਹਾਨੂੰ ਆਪਣਾ ਵਾਸ਼ਰੂਮ ਜਾਂ ਕੋਮੋਡ (ਪਹੀਆਂ 'ਤੇ ਟੋਆਇਲਿਟ) ਵਰਤਣ ਲਈ ਕਹਿੰਦੇ ਹਾਂ।
- ਆਪਣਾ ਵਾਸ਼ਰੂਮ ਜਾਂ ਕੋਮੋਡ ਹੋਰ ਮਰੀਜ਼ਾਂ ਜਾਂ ਤੁਹਾਨੂੰ ਦੇਖਣ ਆਉਣ ਵਾਲਿਆਂ ਨਾਲ ਸਾਂਝਾ **ਨਾ** ਕਰੋ।
- ਅਸੀਂ ਤੁਹਾਨੂੰ ਦੇਖਣ ਆਉਣ ਵਾਲਿਆਂ ਨੂੰ ਇਹ ਕਹਿੰਦੇ ਹਾਂ ਕਿ ਉਹ ਤੁਹਾਡੇ ਕਮਰੇ ਵਿਚ ਦਾਖਲ ਹੋਣ ਤੋਂ ਪਹਿਲਾਂ ਅਤੇ ਬਾਹਰ ਆਉਣ ਤੋਂ ਬਾਅਦ ਆਪਣੇ ਹੱਥ ਸਾਫ਼ ਕਰਨ।



- ਜੇ ਤੁਹਾਡੇ ਟੈੱਸਟ ਇਹ ਦਿਖਾਉਂਦੇ ਹੋਣ ਕਿ ਤੁਹਾਡੇ ਢਿੱਡ ਵਿਚ ਐੱਮ ਡੀ ਆਰ ਓਜ਼ ਹਨ ਤਾਂ ਤੁਹਾਡੇ ਕਮਰੇ ਵਿਚ ਦਾਖਲ ਹੋਣ ਵਾਲੇ ਹਰ ਵਿਅਕਤੀ ਲਈ ਹਰ ਸਮੇਂ ਦਾਖਲ ਹੋਣ ਵੇਲੇ ਗਲੱਵ ਅਤੇ ਗਾਊਨ ਪਾਉਣਾ ਜ਼ਰੂਰੀ ਹੈ।
- ਇਲਾਜ ਕਰਨ ਵਾਲੇ ਅਤੇ ਦੇਖਣ ਆਉਣ ਵਾਲੇ ਤੁਹਾਡੇ ਕਮਰੇ ਵਿੱਚੋਂ ਹਰ ਵਾਰੀ ਬਾਹਰ ਜਾਣ ਵੇਲੇ ਆਪਣੇ ਗਾਊਨ ਅਤੇ ਗਲੱਵ ਲਾਹੁੰਦੇ ਹਨ ਅਤੇ ਆਪਣੇ ਹੱਥ ਸਾਫ਼ ਕਰਦੇ ਹਨ।

## ਘਰ ਵਿਚ

ਸਿਹਤਮੰਦ ਲੋਕਾਂ ਨੂੰ ਐੱਮ ਡੀ ਆਰ ਓ ਲਈ ਫਿਰਨ ਦਾ ਖਤਰਾ ਘੱਟ ਹੁੰਦਾ ਹੈ। ਫਿਰ ਵੀ, ਦੂਜੇ ਲੋਕਾਂ ਤੱਕ ਐੱਮ ਡੀ ਆਰ ਓਜ਼ ਫੈਲਣ ਤੋਂ ਰੋਕਥਾਮ ਕਰਨ ਲਈ ਇਨ੍ਹਾਂ ਹਿਦਾਇਤਾਂ ਦੀ ਪਾਲਣਾ ਕਰੋ।

- ਆਪਣੇ ਹੱਥ ਅਕਸਰ ਧੋਵੋ, ਖਾਸ ਕਰਕੇ ਬਾਥਰੂਮ ਜਾਣ ਤੋਂ ਬਾਅਦ ਅਤੇ ਖਾਣਾ ਤਿਆਰ ਕਰਨ ਅਤੇ ਖਾਣ ਤੋਂ ਪਹਿਲਾਂ।
- ਤੁਹਾਡੇ ਨਾਲ ਰਹਿੰਦੇ ਲੋਕਾਂ ਨੂੰ ਆਪਣੇ ਹੱਥ ਅਕਸਰ ਧੋਣੇ ਚਾਹੀਦੇ ਹਨ।
- ਨਿੱਜੀ ਸੰਭਾਲ ਦੀਆਂ ਚੀਜ਼ਾਂ ਸਾਂਝੀਆਂ **ਨਾ** ਕਰੋ ਜਿਵੇਂ ਕਿ ਤੌਲੀਏ, ਦੰਦਾਂ ਦੇ ਬੁਰਸ਼ ਜਾਂ ਸਾਬਣ।
- ਬਾਥਰੂਮ ਅਤੇ ਅਕਸਰ ਹੱਥ ਲੱਗਣ ਵਾਲੀਆਂ ਥਾਂਵਾਂ ਨੂੰ ਹਰ ਰੋਜ਼ ਇਕ ਵਾਰੀ ਅਤੇ ਜੇ ਗੰਦੀਆਂ ਦਿਖਾਈ ਦਿੰਦੀਆਂ ਹੋਣ ਤਾਂ ਜ਼ਿਆਦਾ ਵਾਰੀ ਸਾਫ਼ ਕਰੋ (ਉਦਾਹਰਣ ਲਈ, ਲਾਈਟ ਸਵਿੱਚਾਂ, ਅਤੇ ਪਾਣੀ ਦੀਆਂ ਟੂਟੀਆਂ)।
- ਸਫ਼ਾਈ ਕਰਨ ਵਾਲੇ ਨਾ-ਸੁੱਟਣਯੋਗ ਕੱਪੜਿਆਂ ਨੂੰ ਹਰ ਵਰਤੋਂ ਤੋਂ ਬਾਅਦ ਧੋਵੋ।
- ਖੁਲ੍ਹੇ ਵਗਦੇ ਜ਼ਖਮਾਂ 'ਤੇ ਸਾਫ਼ ਬੈਂਡੇਜ ਲਾਉ।

### ਜੇ ਤੁਹਾਨੂੰ ਹਸਪਤਾਲ ਵਾਪਸ ਆਉਣਾ ਪਵੇ

ਨਰਸ ਜਾਂ ਡਾਕਟਰ ਨੂੰ ਦੱਸੋ ਕਿ ਤੁਹਾਨੂੰ 'ਐੱਮ ਡੀ ਆਰ ਓ' ਹੈ ਤਾਂ ਜੋ ਤੁਹਾਨੂੰ ਦੁਬਾਰਾ ਟੈੱਸਟ ਕੀਤਾ ਜਾ ਸਕੇ।

### ਜ਼ਿਆਦਾ ਜਾਣਨ ਲਈ, ਇਨ੍ਹਾਂ ਤੋਂ ਪੁੱਛਣਾ ਚੰਗਾ ਹੈ

- ਤੁਹਾਡਾ ਫੈਮਿਲੀ ਡਾਕਟਰ
- ਤੁਹਾਡਾ ਫਾਰਮਾਸਿਸਟ
- ਹੈਲਥਲਿੰਕ ਬੀ ਸੀ – 8-1-1 ਨੂੰ ਫੋਨ ਕਰੋ (ਬੋਲ਼ੇ ਅਤੇ ਉੱਚਾ ਸੁਣਨ ਵਾਲੇ ਲੋਕਾਂ ਲਈ 7-1-1) ਜਾਂ www.HealthLinkBC.ca 'ਤੇ ਔਨਲਾਈਨ ਜਾਉ।